International Journal of Research
Available at https://edupediapublicat ions.org/ journals
e-ISSN: 2348-6848
p-ISSN: 2348-795X
Volume 05 Issue 12
April 2018

# ਜਸਵਿੰਦਰ ਦੇ ਗ਼ਜ਼ਲ ਸੰਗ੍ਰਹਿ "ਅੱਗਰਬੱਤੀ" ਦਾ ਸਰੋਕਾਰਕ ਅਧਿਐਨ

*Gurmukhpreet Singh*

*Asst. Prof. in Punjabi, Khalsa College, Garhdiwala, Punjab, India*

ਆਧੁਨਿਕ ਪੰਜਾਬੀ ਕਾਵਿ ਰੂਪਾਕਾਰਾਂ ਵਿਚੋਂ ਗਜ਼ਲ ਇਕ ਅਜਿਹਾ ਕਾਵਿ ਰੂਪਾਕਰ ਹੈ, ਜਿਸਨੇ ਆਪਣੇ ਸਮਵਿੱਥ ਹੋਰ ਕਾਵਿ-ਰੂਪਕਾਰਾਂ ਦੇ ਮੁਕਾਬਲੇ ਤੀਬਰਗਤੀ ਨਾਲ ਵਿਕਾਸ ਕੀਤਾ ਹੈ, ਵਿਕਾਸ ਦਾ ਇਹ ਸਿਲਸਿਲਾ ਸਮਕਾਲ ਵਿੱਚ ਪੰਜਾਬੀ ਗਜ਼ਲ ਦੀ ਠੋਸ ਸਥਾਪਤੀ ਦੀ ਗਵਾਹੀ ਭਰਦਾ ਨਜ਼ਰ ਆਉਂਦਾ ਹੈ। ਬੀਤੀ ਸਦੀ ਦੇ ਅੰਤਿਮ ਚਾਰ ਦਹਾਕਿਆਂ ਦੌਰਾਨ ਪੰਜਾਬੀ ਗ਼ਜ਼ਲ ਸਿਰਜਣਾ ਵਿੱਚ ਗੁਣਾਤਮਕ ਤੇ ਗਿਣਾਤਮਕ ਦੋਹਾਂ ਪੱਧਰਾਂ ਤੇ ਹੈਰਾਨੀਜਨਕ ਇਜ਼ਾਫਾ ਹੁੰਦਾ ਵੇਖਿਆ ਗਿਆ ਹੈ। ਸਮੇਂ ਸਮੇਂ ਤੇ ਪੰਜਾਬੀ ਕਾਵਿ ਪ੍ਰਵਿਰਤੀਆਂ ਅਧੀਨ ਚੋਖੀ ਗ਼ਜ਼ਲ ਸਿਰਜਣਾ ਕੀਤੀ ਗਈ ਹੈ।

ਸਮਕਾਲੀ ਗ਼ਜ਼ਲ ਦਾ ਅਧਿਐਨ ਕਰਦਿਆਂ ਸਾਡੇ ਅਧਿਐਨ ਖ਼ੇਤਰ ਵਿੱਚ ਵਸਤੂ ਬਣੇ ਵਿਚਾਰਾਂ ਦੇ ਪੱਖ ਤੋਂ ਕੁਝ ਅਜਿਹੀਆਂ ਤਬਦੀਲੀਆਂ ਵੇਖਣ ਨੂੰ ਮਿਲਦੀਆਂ ਹਨ, ਜਿਹੜੀਆਂ ਸਮਕਾਲੀ ਗਜ਼ਲ ਨੂੰ ਸਮਝਣ ਵਿੱਚ ਸਹਾਇਕ ਹਨ ਇਹਨਾਂ ਤਬਦੀਲ਼ੀਆਂ ਨੂੰ ਸੰਜੀਦਗੀ ਨਾਲ ਨਵੀਂ ਪੀੜ੍ਹੀ ਦੇ ਜਿੰਨ੍ਹਾਂ ਗਜ਼ਲਕਾਰਾਂ ਨੇ ਆਪਣੀ ਗਜ਼ਲ ਪ੍ਰੰਪਰਾ ਵਿੱਚ ਵਰਤਿਆ ਹੈ ਉਹਨਾਂ ਵਿੱਚ ਸੁਖਵਿੰਦਰ ਅੰਮ੍ਰਿਤ, ਕਵਿੰਦਰ ਚਾਂਦ, ਵਿਜੈ ਵਿਵੇਕ , ਬਲਜਿੰਦਰ ਚੌਹਾਨ, ਸ਼ਤੀਸ਼ ਘੁਲਾਟੀ, ਗੁਰਤੇਜ ਕੋਹਾਰਵਾਲ ਦੇ ਨਾਮ ਪ੍ਰਮੁੱਖ ਹਨ। ਇਹਨਾਂ ਵਿੱਚੋਂ ਜਸਵਿੰਦਰ ਇੱਕ ਉੱਭਰਦਾ ਹੋਇਆ ਹਸਤਾਖਰ ਹੈ।

ਭਾਵੇਂ ਜਸਵਿੰਦਰ ਆਪਣਾ ਸਫ਼ਰ ਸਾਹਿਤਕ ਸਫ਼ਰ ਨਜ਼ਮ ਤੋਂ ਸ਼ੁਰੂ ਕਰਦਾ ਹੈ ਪਰ ਉਸਨੇ ਆਪਣੀ ਨਿਵੇਕਲਾ ਸਥਾਨ ਗਜ਼ਲ ਖ਼ੇਤਰ ਵਿੱਚ ਬਣਾਇਆ ਹੈ। ਜਸਵਿੰਦਰ ਦਾ ਪਹਿਲਾ ਗਜ਼ਲ ਸੰਗ੍ਰਹਿ 'ਕਾਲੇ ਹਰਫ਼ਾਂ ਦੀ ਲੋਅ' ਸੰਨ 1996 ਵਿੱਚ ਪ੍ਰਕਾਸ਼ਿਤ ਹੋਇਆ। 6 ਸਾਲ ਦੀ ਵਕਫੇ ਤੋਂ ਬਾਅਦ ਉਸਨੇ ਆਪਣਾ ਦੂਜਾ ਗਜ਼ਲ ਸੰਗ੍ਰਹਿ 2002 ਵਿੱਚ 'ਕੱਕੀ ਰੇਤ ਦੇ ਵਰਕੇ' ਪ੍ਰਕਾਸ਼ਿਤ ਕੀਤਾ ਅਤੇ ਵਿਚਾਰ ਅਧੀਨ ਆਧੁਨਿਕ ਪੁਸਤਕ 'ਅਗਰਬੱਤੀ' ਜਿਸਨੂੰ ਕਿ 2011 ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਇਸ ਵਿੱਚ ਜਸਵਿੰਦਰ ਆਪਣੇ ਪਹਿਲੇਆਂ ਦੋਹਾਂ ਗਜ਼ਲ ਸੰਗ੍ਰਹਿਾਂ ਨਾਲੋਂ ਵੱਖਰਾ ਖੜ੍ਹਾ ਨਜ਼ਰ ਆਉਂਦਾ ਹੈ। ਕਿਉਂਕਿ ਜੋ ਪਹਿਲਾ ਗਜ਼ਲ ਸੰਗ੍ਰਹਿ ਜੋ ਕਿ ਪੰਜਾਬ ਦੀ ਸੰਕਟ ਹਾਲਤ ਦੀ ਗਵਾਹੀ ਭਰਦਾ ਨਜ਼ਰ ਆਉਂਦਾ ਹੈ। ਉਸਨੇ ਉਸ ਵਿੱਚ ਪੰਜਾਬ ਦੀ ਸਥਿਤੀ ਦਾ ਬਾਖੂਬੀ ਰੂਪ ਚਿਤਰਿਆ ਹੈ।

" ਇਸ ਗਰਾਂ ਦਿਨ ਰਾਤ ਅੱਗ ਉੱਡਦੀ ਫਿਰੇ
ਦੂਰ ਹੈ ਬਰਸਾਤ ਅੱਗ ਉੱਡਦੀ ਫਿਰੇ
ਖਿੜਕੀਆਂ ਨੂੰ ਖੋਲ੍ਹ ਕੇ ਮੈਂ ਸੜਕ 'ਤੇ
ਕਿੰਜ ਮਾਰਾਂ ਝਾਤ ਅੱਗ ਉੱਡਦੀ ਫਿਰੇ"[1]

ਜਸਵਿੰਦਰ ਦੇ ਦੂਜੇ ਗਜ਼ਲ ਸੰਗ੍ਰਹਿ ਵਿੱਚ ਉਸਨੇ ਵਿਸ਼ਵੀਕਰਨ ਦੇ ਸਮੇਂ ਦੀ ਗੱਲ ਕਰਦਿਆਂ ਮੰਡੀਕਰਨ ਨੂੰ ਆਪਣੀ ਗਜ਼ਲ ਵਿੱਚ ਮੁੱਖ ਸੁਰ ਵਜੋਂ ਵਰਤਿਆਂ ਹੈ ਤੇ ਵਿਚਾਰਧੀਨ ਪੁਸਤਕ 'ਅਗਰਬੱਤੀ ' ਵਿੱਚ ਉਸਦੀਆਂ 51 ਗਜ਼ਲਾਂ ਹਨ ਜਿਹਨਾਂ ਵਿਚੋਂ ਉਸਨੇ ਸਮਾਜ ਦੇ ਹਰ ਮੁੱਦੇ ਉੱਤੇ ਬੜੀ ਸੰਜ਼ੀਦਗੀ ਨਾਲ ਲਿਖਿਆ ਹੈ ਮੈਂ ਆਪਣੇ ਸੌਖ ਲਈ ਇਸਨੂੰ 5 ਮੁੱਖ ਵਿਸ਼ਿਆਂ ਵਿੱਚ ਵੰਡ ਕੇ ਇਸਦੀ ਚਰਚਾ ਕੀਤੀ ਹੈ। ਪਹਿਲਾ ਵਿਸ਼ਾਂ ਸੱਤਾ ਵਿਰੋਧੀ ਸੁਰ, ਦੂਜਾ ਦੂਜਾ ਰੁਮਾਂਸਵਾਦ ਦੀ ਸੁਰ, ਤੀਜੇ ਵਿੱਚ ਸਵੈ ਸੰਵਾਦ , ਚੌਥਾ ਬ੍ਰਹਮੰਡ ਪ੍ਰਤੀ ਚਿੰਤਾ ਅਤੇ ਪੰਜਵਾਂ ਪ੍ਰਵਾਸੀ ਸੁਰ ਨੂੰ ਬਣਾਇਆ ਹੈ।

ਗਜ਼ਲ ਦੇ ਸਿਧਾਂਤਕ ਪੱਖ ਬਾਰੇ ਅਧਿਐਨ ਕਰਦਿਆਂ ਇਹ ਦ੍ਰਿਸ਼ਟੀਗੋਚਰ ਹੋਇਆ ਹੈ ਕਿ ਗ਼ਜ਼ਲ ਦੇ ਸਾਰੇ ਸ਼ਿਅਰ ਵਿਸ਼ਾ ਪੱਖ ਤੋਂ ਅਲੱਗ-ਅਲੱਗ ਸੁਭਾਅ ਦੇ ਹੋ ਸਕਦੇ ਹਨ। ਉਦਾਹਰਨ ਵਜੋਂ ਕਿਸੇ ਇਕੋ ਗ਼ਜ਼ਲ ਦੇ ਸੰਕਲਪ ਸ਼ਿਅਰਾਂ ਵਿਚੋਂ ਇੱਕ ਸ਼ਿਅਰ ਰੁਮਾਂਸਵਾਦੀ ਪ੍ਰਵਿਰਤੀ ਦਾ ਹੋ ਸਕਦਾ ਹੈ, ਠੀਕ ਅਗਲਾ ਸ਼ਿਅਰ ਪ੍ਰਗਤੀਵਾਦੀ ਪ੍ਰਵਿਰਤੀ ਦਾ, ਠੀਕ ਦਾ ਅਗਲਾ ਸ਼ਿਅਰ ਰਹੱਸਵਾਦੀ ਪ੍ਰਵਿਰਤੀ ਦਾ ਅਤੇ ਅਗਲਾ ਹਥਿਆਰ ਕਿਸੇ ਗੰਭੀਰ ਸਮਾਜਿਕ ਮੁੱਦੇ ਨਾਲ ਸੰਵਾਦ ਵੀ ਰਚਾਉਂਦਾ ਹੋ ਸਕਦਾ ਹੈ।ਇਸ ਲਈ ਗ਼ਜ਼ਲ ਬਹੁਤ ਸਾਰੇ ਮੁੱਦਿਆਂ ਨੂੰ ਇਕੋ ਟੈਕਸਟ ਵਿੱਚ ਕਹਿਣ ਦਾ ਅਨੂਠਾ ਸੁਭਾਅ ਰੱਖਦੀ ਹੈ। ਉਪਰੋਕਤ ਬਣਾਏ ਵਿਸ਼ਿਆ ਵਿਚੋਂ ਪਹਿਲੇ ਵਿਸ਼ੇ ਵਿੱਚ ਜਸਵਿੰਦਰ ਸੱਤਾ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨ ਬਾਰੇ ਕਹਿੰਦਾ ਹੈ ਉਹ ਇਸ ਸਮਾਜਿਕ ਬਣਤਰ ਨੂੰ ਬੇਜ਼ਾਨ ਖੰਡਰ ਦੇ ਰੂਪ ਵਿੱਚ ਚਿਤਰਦਾ ਹੋਇਆ ਅਜਿਹਾ ਇਕ ਵੀ ਆਦਮੀ ਨਹੀਂ ਹੈ ਜੋ ਸੱਤਾ ਵਿਰੁੱਧ ਆਵਾਜ਼ ਉਠਾਏ:-

e-ISSN: 2348-6848
p-ISSN: 2348-795X
Volume 05 Issue 12
April 2018

ਫਸੀਲਾਂ ਕੋਲ ਭਾਵੇਂ ਦਰਦ ਆਪਣਾ ਫੋਲਦਾ ਹੋਵੇ,

ਕੋਈ ਪੱਥਰ ਤਾਂ ਇਸ ਖੰਡਰ ਦੇ ਅੰਦਰ ਬੋਲਦਾ ਹੋਵੇ।[2]

ਗਜ਼ਲ ਵਿੱਚ ਰੁਮਾਂਸ ਇੱਕ ਮਹੱਤਵਪੂਰਨ ਤੱਤ ਵਜੋਂ ਪਛਾਣਿਆ ਜਾਂਦਾ ਹੈ। ਕਿਉਂ ਜੋ ਸ਼ੁਰੂ ਵਿੱਚ ਗ਼ਜ਼ਲ ਦੇ ਅਰਥ ਹੀ 'ਔਰਤਾਂ ਨਾਲ ਗੱਲਾਂ ਕਰਨ' ਤੋਂ ਲਏ ਗਏ ਹਨ। ਜਸਵਿੰਦਰ ਦੀ ਗਜ਼ਲਕਾਰੀ ਦੀ ਝਲਕ ਉਸਦੇ ਸ਼ਿਅਰਾਂ ਵਿਚਲੇ ਰੁਮਾਂਟਿਕ ਤੱਤ ਤੋਂ ਪਛਾਣੀ ਜਾ ਸਕਦੀ ਹੈ:

ਇੱਕ ਪਰਿੰਦਾ ਗੁਟਕਦਾ , ਇਕ ਲਾਪੇ ਨੂੰ ਤੋੜਦਾ

ਬਾਰੀ ਵਿਚਲੀ ਆ ਗਿਆ ਦਿਲਵਰ ਅੱਧੀ ਰਾਤ ਨੂੰ।[3]

ਅਜੋਕੇ ਸਮੇਂ ਵਿੱਚ ਮਨੁੱਖ ਅਤੇ ਉਸਦੇ ਰਿਸ਼ਤੇ, ਤਿੜਕਣ ਦੀ ਸਥਿਤੀ ਵਿਚੋਂ ਉਪਜ ਰਹੇ ਹਨ: ਪਾਟਦੇ ਘਰਾਂ ਵਿੱਚ ਬੇਗਾਨਗੀ ਦਾ ਅਹਿਸਾਸ ਜਿਥੇ ਉਸਨੂੰ ਇਕੱਲੇਪਨ ਦਾ ਸ਼ਿਕਾਰ ਬਣਾਉਂਦਾ ਹੈ, ਉਥੇ ਉਹ ਆਪਣੇ ਆਪ ਨਾਲ ਸੰਵਾਦ ਵੀ ਕਰਾਉਂਦਾ ਹੈ, ਜਸਵਿੰਦਰ ਇਸੇ ਅੰਤਰ ਮਨੁੱਖਤਾ ਨੂੰ ਗ਼ਜ਼ਲ ਸ਼ਿਅਰਾਂ ਵਿਚ ਸਮੋ ਕੇ ਪੇਸ਼ ਕਰਦਾ ਹੈ"-

ਅੱਗ ਹੈ, ਪਾਣੀ ਹੈ, ਆਕਾਸ਼ ਹੈ ਜਾਂ ਪੌਣ ਹੈ,

ਮੇਰੇ ਚੇਤਨ ਤੇ ਅਚੇਤਨ ਦੇ ਵਿਚਾਲੇ ਕੌਣ ਹੈ।[4]

ਜਸਵਿੰਦਰ ਨੇ ਗ਼ਜ਼ਲ ਦਾ ਹਰੇਕ ਵਿਸ਼ਾ ਬੜਾ ਸੰਜੀਦਾ ਢੰਗ ਨਾਲ ਪੇਸ਼ ਕੀਤਾ ਹੈ। ਉਹ ਆਪਣੀ ਗ਼ਜ਼ਲ ਰਾਹੀਂ ਸਮਕਾਲੀ ਸਮੱਸਿਆਵਾਂ ਬਾਰੇ ਵੀ ਚਿੰਤਾਤੁਰ ਨਜ਼ਰ ਆਉਂਦਾ ਹੈ ਤੇ ਬ੍ਰਹਿਮੰਡ ਸੰਬੰਧੀ ਸੰਭਾਲ ਬਾਰੇ ਵੀ ਉਸਨੇ ਆਪਣੇ ਗ਼ਜ਼ਲ ਦੇ ਵਿਸ਼ਿਆਂ ਵਿੱਚ ਪ੍ਰਮੁੱਖ ਰੂਪ ਵਿੱਚ ਵਾਤਾਵਰਣ ਸੰਬੰਧੀ ਚਿੰਤਾ ਨੂੰ ਸੰਜੀਦਗੀ ਨਾਲ ਪ੍ਰਗਟਾਇਆ ਹੈ, ਉਹ ਬਿਰਥਾ ਦੇ ਅੰਨੇਵਾਹ ਚੀਰੇ-ਜਾਣ ਦੀ ਫ਼ਿਕਰ ਕਰਦਾ ਹੋਇਆ ਕਹਿੰਦਾ ਹੈ ਕਿ ਜੇਕਰ ਬੇਜ਼ੁਬਾਨ ਜੰਗਲ ਦੇ ਬਿਰਖਾਂ ਨੂੰ ਨਹੀਂ ਚੀਰੇਗਾ ਤਾਂ ਸਾਰੇ ਜੀਵ-ਪ੍ਰਾਣੀਆਂ ਤੋਂ ਅਸੀਸ ਮਿਲਣ ਦੀ ਗੱਲ ਕਰਦਿਆਂ ਉਹ ਕਹਿੰਦਾ ਹੈ:-

ਇਹ ਬੇਜ਼ੁਬਾਨ ਬਿਰਖ ਨਾ ਤੂੰ ਚੀਰ ਜੰਗਲ ਦੇ,

ਅਸੀਸ ਦੇਣਗੇ ਤੈਨੂੰ -ਫਕੀਰ -ਜੰਗਲ ਦੇ'।[5]

ਸਮਾਜਿਕ ਦੇ ਤਾਣੇ-ਬਾਣੇ ਨੂੰ ਵੀ ਜਸਵਿੰਦਰ ਨੇ ਬਾਖੂਬੀ ਢੰਗ ਨਾਲ ਗ਼ਜ਼ਲ ਵਿੱਚ ਪੇਸ਼ ਕੀਤਾ ਹੈ ਕਿ ਹੁਣ ਇਸ ਜ਼ਮਾਨੇ ਵਿੱਚ ਰਿਸਤਿਆਂ ਦਾ ਘਾਣ ਹੋ ਰਿਹਾ ਹੈ, ਤੇ ਰਿਸ਼ਤੇ , ਹੰਝੂ ਬਜ਼ਾਰੋਂ ਹੀ ਮਿਲ ਜਾਂਦੇ ਹਨ, ਜਿਸ ਵਿੱਚ ਸਮਾਜਿਕ ਰਿਸ਼ਤੇ ਤਿੜਕੇ ਹੋਏ ਵਿਖਾਈ ਦਿੰਦੇ ਹਨ:-

ਰਿਸ਼ਤੇ ਰੀਝਾਂ, ਅੱਥਰੂ ਮਿਲਣ ਬਜ਼ਾਰੋਂ ਆਮ,

ਕੀ ਹੁਣ ਦਰਦ ਵਿਯੋਗ ਦਾ ਕੀ ਰੂਹਾਂ ਦਾ ਮੇਲ।[6]

ਅਸੀਂ ਵੇਖਦੇ ਹਾਂ ਕਿ ਘਰ ਦੀ ਮੰਦਹਾਲੀ ਦੂਰ ਕਰਨ ਲਈ ਪੰਜਾਬ ਦੇ ਬਹੁਤੇ ਲੋਕ ਵਿਦੇਸ਼ ਵਲ ਰੁਖ ਕਰਦੇ ਹਨ, ਨਤੀਜਾ ਉਹ ਆਰਥਿਕ ਤੌਰ ਤੇ ਤਾਂ ਖੁਸ਼ਹਾਲ ਹੋ ਜਾਂਦੇ ਹਨ, ਪਰ ਭਾਵੁਕਤਾ ਪੱਖੋਂ ਹੇਰਵੇ ਦਾ ਸ਼ਿਕਾਰ ਹੋ ਜਾਂਦੇ ਹਨ। ਜਸਵਿੰਦਰ ਉਹਨਾਂ ਦੀ ਭਾਵੁਕਤਾ ਨੂੰ ਪਛਾਣਦਾ ਹੋਇਆ ਲਿਖਦਾ ਹੈ ਕਿ :-

ਵਤਨੋਂ ਆਈ ਚਿੱਠੀ ਸੌਵੀਂ ਵਾਰ ਪੜ੍ਹਨ ਤੋਂ ਪਿੱਛੋਂ ,

ਅੱਥਰੂ ਪੀ ਕੇ ਉਸਨੇ ਕੌੜਾ ਪਾਣੀ ਮੂੰਹ ਨੂੰ ਲਾਇਆ।[7]

ਜਸਵਿੰਦਰ ਕੋਲ ਸੰਵੇਦਨਸ਼ੀਲਤਾ , ਸ਼ਬਦਾਂ ਦਾ ਸੰਜਮ ਅਤੇ ਉਹਨਾਂ ਨੂੰ ਸਹੀ ਥਾ ਵਰਤਣ ਦੀ ਜੁਗਤ ਹੈ। ਉਹ ਜੀਵਨ ਦੀਆਂ ਘਟਨਾਵਾਂ ਨੂੰ ਬਹੁਤ ਨੇੜਿਓਂ ਵੇਖਦੇ ਹੋਏ, ਵੱਖ-ਵੱਖ ਪ੍ਰਸਥਿਤੀਆਂ , ਸਮਾਜਿਕ ਰਿਸ਼ਤਿਆਂ ਦੇ ਤਾਣੇ-ਬਾਣੇ ਤੇ ਇਸ ਵਿਚ ਸ਼ਾਮਿਲ ਦੁੱਖ-ਸੁੱਖ, ਨਿਆਂ ਪ੍ਰੇਸ਼ਾਨੀਆਂ ਤੇ ਵਾਤਾਵਰਣ ਪ੍ਰਤੀ ਚਿੰਤਾ ਨੂੰ ਸਪੱਸ਼ਟ ਰੂਪ ਨਾਲ ਬਿੰਬਾਂ ਤੇ ਪ੍ਰਤੀਕਾਂ ਵਿੱਚ ਸਿਰਜਦਾ

ਆਪਣੀ ਗ਼ਜ਼ਲ ਕਲਾ ਦੀਆਂ ਖੂਬੀਆਂ ਨੂੰ ਪੇਸ਼ ਕਰਦਾ ਹੈ। ਉਹ ਇਹਨਾਂ ਬਿੰਬਾਂ , ਪ੍ਰਤੀਕਾਂ ਦੇ ਸਹਾਰੇ ਹਰ ਪ੍ਰਸਥਿਤੀ ਵਿੱਚ ਜਜ਼ਬੇ ਨੂੰ ਪੇਸ਼ ਕਰਦਿਆਂ ਕਾਰਨ ਤੇ ਪ੍ਰਭਾਵ ਨੂੰ ਬਾਖ਼ੂਬੀ ਢੰਗ ਨਾਲ ਆਪਣੀ ਗ਼ਜ਼ਲ ਰਾਹੀਂ ਇੱਕ ਕੋਲਾਜ ਚਿਤਰ ਦਾ ਨਜ਼ਰ ਆਉਂਦਾ ਹੈ। ਉਸਦੇ ਹਰੇਕ ਸ਼ਿਅਰ ਵਿੱਚ ਪੰਜਾਬੀਪਣ ਹੈ, ਜਿਹੜਾ ਮਲਵਈ ਮੁਹਾਵਰੇ ਰੰਗਣ ਵਿੱਚ ਰੰਗਿਆਂ ਝਲਕਦਾ ਹੈ।

ਗ਼ਜ਼ਲਗੋਅ ਨੇ ਬੁਤ ਸਾਰੇ ਪ੍ਰਕ੍ਰਿਤਕ ਚਿੰਨ੍ਹਾਂ ਦੀ ਵੀ ਵਰਤੋਂ ਕੀਤੀ ਹੈ, ਜਿਵੇਂ , ਜ਼ਲਜ਼ਲਾ, ਧਰਤੀ, ਹਵਾ, ਅੱਗ, ਪਾਣੀ, ਚੰਨ, ਅਸਮਾਨ, ਬਿਜਲੀ, ਜੰਗਲ, ਫੁੱਲ, ਪਵਝੜ, ਤਾਰੇ, ਰੁੱਤਾਂ, ਰੇਗਿਸਤਾਨ, ਝੀਲਾਂ ਆਦਿ। ਜਿਵੇਂ ਕਿ ਇਸ ਸ਼ਿਅਰ ਵਿੱਚ ਪ੍ਰਕ੍ਰਿਤਕ ਚਿੰਨ੍ਹ ਵਰਤੇ ਹਨ:-

ਜ਼ਲਜ਼ਲੇ ਧਰਤੀ ਦੇ ਚੜ੍ਹਦੇ ਜਾ ਰਹੇ ਨੇ ਅੰਬਰਾਂ 'ਤੇ

ਕੋਈ ਵੀ ਤਾਰਾ ਕਦੇ ਵੀ ਡਿੱਗ ਸਕਦਾ ਹੈ ਘਰਾਂ ਤੇ'।[8]

ਇਸ ਤਰ੍ਹਾਂ ਸ਼ਪੱਸ਼ਟ ਹੁੰਦਾ ਹੈ ਕਿ ਜਸਵਿੰਦਰ ਦੀ ਗ਼ਜ਼ਲ ਪ੍ਰਕਿਰਤੀ ਦੇ ਜ਼ਿਆਦਾ ਅਨੁਕੂਲ ਹੈ। ਉਸਨੇ ਆਪਣੀ ਗ਼ਜ਼ਲ ਪ੍ਰਕ੍ਰਿਤੀ ਦੇ ਜ਼ਿਆਦਾ ਅਨੁਕੂਲ ਹੈ। ਉਸਨੇ ਆਪਣੀ ਗ਼ਜ਼ਲ ਵਿੱਚ ਮਿਥਿਹਾਸਕ ਤੇ ਇਤਿਹਾਸਕ ਚਿੰਨ੍ਹ ਬਿੰਬਾਂ/ ਦੀ ਵਰਤੌਂ ਕੀਤੀ ਹੈ ਜਿਵੇਂ :-ਗੋਪਾਲ, ਸੁਦਾਮਾ, ਪੂਰਨ, ਸੰਦਰਾਂ, ਦਰੋਪਤੀ, ਗੋਰਖ, ਈਸਾ, ਆਨੰਦਪੁਰ, ਚਮਕੌਰ, ਸਰਹਿੰਦ, ਮਾਛੀਵਾੜਾ, ਸਰਸਾ ਆਦਿ ਹਨ। ਉਸਦੇ ਸ਼ਿਅਰ ਵਿੱਚ ਮਿਥਿਹਾਸਕ ਚਿੰਨ੍ਹ ਨੂੰ ਖੂਬਸੂਰਤ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ:-

ਤੇਰੇ ਜਤ-ਸਤ ਤੋਂ ਜ਼ਿਆਦਾ, ਤੇਰੇ ਤਰਲੇ ਤੋਂ ਵਧੀਕ

ਪੂਰਨ ਇਸ ਕਲਯੁੱਗੀ ਖੂਹ ਦੀ ਉਚੇਰੀ ਮੌਣ ਹੇ।

ਉਸਨੇ ਜਤ, ਸਤ ਤੋਂ ਜ਼ਿਆਦਾ , ਤੇਰੇ ਤਰਲੇ ਤੋਂ ਵਧੀਕ

ਪੂਰਨ ਇਸ ਕਲਯੁੱਗੀ ਕੂਹ ਦੀ ਉਚੇਰੀ ਮੌਣ ਹੈ।[9]

ਉਸਨੇ ਆਪਣੀ ਗ਼ਜ਼ਲ ਵਿੱਚ ਅਲੱਗ-ਅਲੱਗ ਭਾਸ਼ਕ ਚਿੰਨ੍ਹਾਂ ਦੀ ਵਰਤੋਂ ਕੀਤੀ ਹੈ ਜੋ ਉਸਨੇ ਇਸ ਸ਼ਿਅਰ ਵੇਖੇ ਜਾ ਸਕਦੇ ਹਨ।

ਮੈਂ ਜੋ ਲਿਖਿਆਂ ਰੂਹ ਦੀ ਲਿਪੀ ਵਿੱਚ ਲਿਖਿਆ ਹੈ ਯਾਰੋ

ਪੇਸ਼ ਤੁਹਾਡੀ ਖਿਦਮਤ ਵਿੱਚ ਨੇ ਦਿਲ ਦੇ ਸੂਹੇ ਵਰਕੇ।[10]

ਉਸਨੇ ਪ੍ਰਕ੍ਰਿਤਕ ਇਤਿਹਾਸਕ/ ਮਿਥਿਹਾਸਕ ਅਤੇ ਭਾਸ਼ਕ ਚਿੰਨ੍ਹਾਂ ਦੀ ਵਰਤੋਂ ਅੱਜ ਦੇ ਮਨੁੱਖ ਦੀ ਹੋਣੀ ਤ੍ਰਾਸਦੀ ਉਸ ਵਿੱਚ ਗਿਰਦੀ ਜਾ ਰਹੀ ਇਨਸਾਨੀਅਤ ਦੇ ਪ੍ਰਤੀਕ ਵਜੋਂ ਵਰਤੀ ਹੈ।ਉਹ ਲੋਕ ਗੀਤਾਂ ਦੀ ਵਰਤੋਂ ਵੀ ਗ਼ਜ਼ਲ ਵਿੱਚ ਸੁਚੱਜੇ ਢੰਗ ਨਾਲ ਕਰਦਾ ਹੈ ਜਿਵੇਂ

ਬਾਰੀ ਬਰਸੀ ਖੱਟਣ ਗਿਆ ਸੀ, ਖੱਟਣ ਗਿਆ ਸੀ ਆਇਆ।

ਮਾਂ ਵੀ ਭੁੱਲਿਆ, ਮਾਂ ਬੋਲੀ ਵੀ ਭੁੱਲਿਆ ਮਾਂ ਦਾ ਜਾਇਆ।[11]

ਜਸਵਿੰਦਰ ਨੇ ਗ਼ਜ਼ਲ ਦੀਆ ਜੁਗਤਾਂ ਨੂੰ ਸੁਚੱਜੇ ਢੰਗ ਨਾਲ ਵਰਤੋਂ ਵਿੱਚ ਲਿਆਦਾ ਹੈ, ਅਤੇ ਉਹ ਗ਼ਜ਼ਲ ਦੇ ਬੁਨਿਆਦੀ , ਮਤਲਾ, ਮਕਤਾ, ਕਾਫ਼ੀਆਂ ਅਤੇ ਰਦੀਫ਼ ਬਾਰੇ ਡੂੰਘੀ ਸਮਝ ਰੱਖਦਾ ਹੋਇਆਂ ਗ਼ਜ਼ਲ ਸਿਰਜਣਾ ਕਰਦਾ ਹੈ। ਕਾਫ਼ੀਏ ਦੇ ਤਿੰਨ ਭੇਦ ਮੰਨੇ ਗਏ ਹਨ। ਜਿਸ ਵਿੱਚ ਚੁਸਤ ਕਾਫ਼ੀਆਂ, ਸੁਸਤ ਕਾਫ਼ੀਆ ਅਤੇ ਵਿਕਟ ਕਾਫ਼ੀਆ ਹਨ। ਚੁਸਤ ਕਾਫ਼ੀਆ ਉਹ ਹੁੰਦਾ੍ਹ ਜਿਸ ਕਾਫ਼ੀਏ ਦੇ ਅੱਖਰਾਂ ਵਿੱਚ ਇਕਸਾਰਤਾ ਹੁੰਦੀ ਹੈ, ਜਿਵੇਂ :- ਸ਼ਰਮ-ਗਰਮ, ਲਕੀਰ-ਫ਼ਕੀਰ, ਤਾਲਿਬ-ਗਾਲਿਬ ਆਦਿ। ਇਸ ਚੁਸਤ ਕਾਫ਼ੀਏ ਦੀ ਜਸਵਿੰਦਰ ਨੇ ਸੋਹਣੀ ਵਰਤੋਂ ਕੀਤੀ ਹੈ:-

ਮੰਚ ਤੇ ਕਿਹੋ ਜਿਹਾ ਨਾਟਕ ਦਿਖਾਇਆ ਜਾ ਰਿਹਾ ਹੈ

ਜ਼ਖ਼ਮ ਦਾ ਕਿਰਦਾਰ ਖ਼ੰਜਰ ਤੋਂ ਨਿਭਾਇਆ ਜਾ ਰਿਹਾ ਹੈ।[12]

ਇਸੇ ਤਰ੍ਹਾਂ ਦੂਜੀ ਕਿਸਮ ਸੁਸਤ ਕਾਫ਼ੀਏ ਦੀ ਤੲਂ ਬਹੁਤ ਪ੍ਰਭਾਵਸ਼ਾਲੀ ਉਦਾਹਰਨ ਪੇਸ਼ ਕਦੇ ਹੋਏ ਗ਼ਜ਼ਲ ਦਾ ਸ਼ਿਅਰ ਪੇਸ਼ ਕਰਦੇ ਹਨ:-

ਅਜੇ ਵੀ ਬਹੁਤ ਸਾਰੇ ਬੀਜ ਪੰਗਰਨ ਨੂੰ ਮਚਲਦੇ ਨੇ

ਭਲਾ ਇਹ ਲੋਕ ਮਿੱਟੀ ਗਮਲਿਆਂ ਦੀ ਕਿਉਂ ਬਦਲਦੇ ਨੇ।[13]

e-ISSN: 2348-6848
p-ISSN: 2348-795X
Volume 05 Issue 12
April 2018

ਜਸਵਿੰਦਰ ਨੇ ਆਪਣੀ ਗ਼ਜ਼ਲ ਵਿੱਚ ਵਿਕਟ ਕਾਫ਼ੀਏ ਦੀ ਵੀ ਬਹੁਤ ਸੁਚੱਜੇ ਢੰਗ ਨਾਲ ਵਰਤੋਂ ਕੀਤੀ ਹੈ:-

ਇਸਦੇ ਅੰਦਰ ਕਰਵਟਾਂ ਲੈਂਦਾ ਸੀ, ਕੋਈ ਜ਼ਲਜ਼ਲਾ'

ਖਾਕ ਦਾ ਜ਼ੋਰਾ ਜਦੋਂ ਮੈਂ ਤੋੜ ਕੇ ਸੀ ਦੇਖਿਆ।[14]

ਵਿਕਟ ਕਾਫ਼ੀਏ ਬਾਰੇ ਉਸਤਾਦ ਸ਼ਾਇਰ ਦੀਪਕ ਜੈਤੋਈ ਕਹਿੰਦੇ ਹਨ ਕਿ " ਵਿਕਟ ਕਾਫ਼ੀਏ ਉਹ ਹੁੰਦੇ ਹਨ, ਜਿਵੇਂ ਬਹਿ ਨਾਲ ਤੈਅ, ਜਾਂ ਤਹਿ ਨਾਲ ਲੇ ਕੇ ਕਾਫ਼ੀਆਂ ਹੋਵੇ।"[15]

ਉਪਰੋਕਤ ਵਰਣਨ ਜਸਵਿੰਦਰ ਦੀ ਗ਼ਜ਼ਲ ਚੇਤਨਾ ਸੰਖੇਪਤਾ ਨਾਲ ਵੇਖਣ ਦਾ ਉੱਦਮ ਕਿਹਾ ਜਾ ਸਕਦਾ ਹੈ। ਉਸਦੀ ਗ਼ਜ਼ਲਕਾਰੀ ਦੇ ਵਿਭਿੰਨ ਧਰਾਤਲਾ ਉੱਪਰ ਸੰਵਾਦ ਉਸਦੀ ਗ਼ਜ਼ਲ ਚੇਤਨਾ ਦੀ ਮੁੱਖ ਚੂਲ ਵਜੋਂ ਰੂਪਵਾਨ ਹੁੰਦਾ ਹੈ। ਉਸਨੇ ਸਮਕਾਲ ਵਿੱਚ ਉੱਭਰਦੇ ਹਰੇਕ ਨਵੇਂ ਵਿਸ਼ੇ ਨੂੰ ਆਪਣੇ ਸ਼ਿਅਰਾਂ ਵਿੱਚ ਛੂੰਹਣ ਦਾ ਯਤਨ ਕੀਤਾ ਹੈ। ਵਿਸ਼ਾ ਪੱਖ ਤੋਂ ਉਸਦੀ ਗ਼ਜ਼ਲ ਮਨੁੱਖ ਦੇ ਚੇਤਨ ਹੋਣ ਦੀ ਕਥਾ ਹੈ। ਭਵਿੱਖ ਵਿੱਚ ਇਸ ਹਸਤਾਖਰ ਤੋਂ ਗ਼ਜ਼ਲ ਦੇ ਖ਼ੇਤਰ ਵਿੱਚ ਹੋਰ ਵੱਡੀ ਆਸ ਰੱਖੀ ਜਾ ਸਕਦੀ ਹੈ।

## ਹਵਾਲੇ ਤੇ ਟਿੱਪਣੀਆਂ

1. 1.ਜਸਵਿੰਦਰ, 'ਕਾਲੇ ਹਰਫਾਂ ਦੀ ਲੋਅ', ਚੇਤਨਾ ਪ੍ਰਕਾਸ਼ਨ ਲੁਧਿਆਣਾ, 2004, ਪੰਨਾ ਨੰਬਰ 78.
2. 2.ਜਸਵਿੰਦਰ 'ਅੱਗਰਬੱਤੀ', ਚੇਤਨਾ ਪ੍ਰਕਾਸ਼ਨ ਲੁਧਿਆਣਾ, 2011, ਪੰਨਾ ਨੰਬਰ 30.
3. 3.ਉਹੀ, ਪੰਨਾ ਨੰਬਰ 67
4. ਉਹੀ, ਪੰਨਾ ਨੰਬਰ 20
5. ਉਹੀ, ਪੰਨਾ ਨੰਬਰ 61
6. ਉਹੀ, ਪੰਨਾ ਨੰਬਰ 24
7. ਉਹੀ, ਪੰਨਾ ਨੰਬਰ 51
8. ਉਹੀ, ਪੰਨਾ ਨੰਬਰ 17
9. ਉਹੀ, ਪੰਨਾ ਨੰਬਰ 20
10. ਉਹੀ, ਪੰਨਾ ਨੰਬਰ 80
11. ਉਹੀ, ਪੰਨਾ ਨੰਬਰ 51
12. ਉਹੀ, ਪੰਨਾ ਨੰਬਰ 27
13. ਉਹੀ, ਪੰਨਾ ਨੰਬਰ 31
14. ਉਹੀ, ਪੰਨਾ ਨੰਬਰ 69
15. ਗੁਰਚਰਨ ਸਿੰਘ ਦੀਪਕ ਜੈਤੋਈ, 'ਗ਼ਜ਼ਲ ਕੀ ਹੈ', ਸੰਗਮ ਪਬਲੀਕੇਸ਼ਨ ਸਮਾਣਾ, ਪੰਨਾ ਨੰਬਰ 68